# ਪ੍ਰਸ਼ਨ ਬੈਂਕ

## (2018-19)

## ਵਿਸ਼ਾ ਇਤਿਹਾਸ (ਬਾਰ੍ਹਵੀਂ ਸ਼੍ਰੇਣੀ)

## (For MR/VI/HI Students only)

**ਨੋਟ:- ਪ੍ਰਸ਼ਨ-ਪੱਤਰ ਚਾਰ ਭਾਗਾਂ ( ਭਾਗ-ੳ, ਅ, ੲ ਅਤੇ ਸ ਵਿੱਚ ਵੰਡਿਆ ਗਿਆ ਹੈ)। ਜਿਸ ਵਿੱਚ ਮੁੱਖ ਰੂਪ ਵਿੱਚ ਚਾਰ ਪ੍ਰਸ਼ਨ ਹਨ। ਜਿਨ੍ਹਾਂ ਦੇ ਅੱਗੇ ਉੱਪ ਭਾਗ ਹੇਠ ਅਨੁਸਾਰ ਹਨ।**

### ਭਾਗ-ੳ

ਭਾਗ- ੳ ਵਿੱਚ ਪ੍ਰਸ਼ਨ ਨੰਬਰ 1 ਵਸਤੂਨਿਸ਼ਠ ਪ੍ਰਸ਼ਨ ਹੈ ਜਿਸ ਵਿੱਚ 2 ਅੰਕਾਂ ਵਾਲੇ 20 ਉਪਭਾਗ ਹਨ। ਪ੍ਰਸ਼ਨ ਪੱਤਰ ਵਿੱਚ ਸਿਲੇਬਸ ਦੇ ੳ ਭਾਗ ਵਿੱਚੋਂ 15 ਅਤੇ ਭਾਗ ਅ ਵਿੱਚੋਂ 5 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।

**ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ** 20×2=40

**ਸਹੀ ਉੱਤਰ ਦੀ ਚੋਣ ਕਰੋ:**

- ਭਾਸ਼ਾ ਦੇ ਆਧਾਰ ਤੇ ਪੰਜਾਬ ਦੀ ਵੰਡ ਕਦੋ ਹੋਈ?
  (a) 1965 (b) 1966 (c) 1977 (d) 1947
- ਅੰਮ੍ਰਿਤਸਰ ਕਿਹੜੇ ਦੁਆਬ ਵਿੱਚ ਸਥਿਤ ਹੈ?
  (a) ਬਾਰੀ (b) ਚੱਜ (c) ਰਚਨਾ (d) ਸਿੰਧ ਸਾਗਰ
- ਸਿੱਖ ਧਰਮ ਦੇ ਦੂਜੇ ਗੁਰੂ ਕੌਣ ਸਨ?
  (i) ਗੁਰੂ ਅਮਰਦਾਸ ਜੀ (ii) ਗੁਰੂ ਅੰਗਦ ਦੇਵ ਜੀ
  (iii) ਗੁਰੂ ਗੋਬਿੰਦ ਸਿੰਘ ਜੀ (iv) ਗੁਰੂ ਨਾਨਕ ਦੇਵ ਜੀ
- ਗੁਰੂ ਅਮਰ ਦਾਸ ਜੀ ਦਾ ਜਨਮ ਕਦੋਂ ਹੋਇਆ ਸੀ?
  (i) 1458 ਈ. (ii) 1479 ਈ.
  (iii) 1469 ਈ. (iv) 1465 ਈ.
- ਬੀਬੀ ਭਾਨੀ ਜੀ ਦੇ ਪਿਤਾ ਦਾ ਨਾਂ ਕੀ ਸੀ?
  (i) ਗੁਰੂ ਅਮਰਦਾਸ ਜੀ (ii) ਗੁਰੂ ਰਾਮ ਦਾਸ ਜੀ
  (iii) ਗੁਰੂ ਗੋਬਿੰਦ ਸਿੰਘ ਜੀ (iv) ਗੁਰੂ ਹਰਗੋਬਿੰਦ ਜੀ
- ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਦੋਂ ਹੋਇਆ?
  (i) 1602 ਈ. (ii) 1604 ਈ.
  (iii) 1665 ਈ. (iv) 1672 ਈ.

❖ ਗੁਰੂ ਹਰਗੋਬਿੰਦ ਜੀ ਕਦੋਂ ਜੋਤੀ-ਜੋਤ ਸਮਾਏ ਸਨ ?

(i) 1635 ਈ. (ii) 1645 ਈ.

(iii) 1638 ਈ. (iv) 1628 ਈ.

❖ ਭੀਮ ਚੰਦ ਕੌਣ ਸੀ ?

(i) ਕਾਂਗੜਾ ਦਾ ਸ਼ਾਸਕ (ii) ਕਹਿਲੂਰ ਦਾ ਸ਼ਾਸਕ

(iii) ਸ੍ਰੀ ਨਗਰ ਦਾ ਸ਼ਾਸਕ (iv) ਗੁਲੇਰ ਦਾ ਸ਼ਾਸਕ

❖ ਗੁਰੂ ਗੋਬਿੰਦ ਸਿੰਘ ਜੀ ਦੇ ਦਾਦਾ ਜੀ ਦਾ ਕੀ ਨਾਂ ਸੀ?

(i) ਗੁਰ ਅਮਰ ਦਾਸ ਜੀ (ii) ਗੁਰੂ ਹਰਗੋਬਿੰਦ ਜੀ

(iii) ਗੁਰੂ ਹਰ ਕ੍ਰਿਸ਼ਨ ਜੀ (iv) ਗੁਰੂ ਤੇਗ ਬਹਾਦਰ ਜੀ

❖ ਗੁਰੂ ਤੇਗ ਬਹਾਦਰ ਜੀ ਨੂੰ ਜਿਸ ਸਥਾਨ ਤੇ ਸ਼ਹੀਦ ਕੀਤਾ ਗਿਆ ਉਸ ਸਥਾਨ ਤੇ ਕਿਹੜਾ ਗੁਰਦੁਆਰਾ ਸਥਿਤ ਹੈ?

(i) ਸੀਸ ਗੰਜ ਸਾਹਿਬ (ii) ਬਾਲਾ ਸਾਹਿਬ

(iii) ਰਕਾਬ ਗੰਜ ਸਾਹਿਬ (iv) ਦਰਬਾਰ ਸਾਹਿਬ

❖ ਗੁਰੂ ਗੋਬਿੰਦ ਸਿੰਘ ਜੀ ਗੁਰ ਗੱਦੀ ਤੇ ਕਦੋਂ ਬਿਰਾਜਮਾਨ ਹੋਏ?

(i) 1666 ਈ. (ii) 167● ਈ.

(iii) 1672 ਈ. (iv) 1675 ਈ.

❖ ਹੈਦਰੀ ਝੰਡੇ ਦੀ ਘਟਨਾ ਕਿਸ ਦੇ ਸ਼ਾਸਨ ਕਾਲ ਵਿੱਚ ਹੋਈ ਸੀ?

(i) ਅਬਦੁਸ ਸਮਦ ਖਾਂ (ii) ਅਹਿਮਦ ਸ਼ਾਹ ਅਬਦਾਲੀ

(iii) ਯਾਹੀਆ ਖਾਂ (iv) ਜ਼ਕਰੀਆ ਖਾਂ

❖ ਮੁਗਲਾਨੀ ਬੇਗਮ ਪੰਜਾਬ ਦੀ ਸੂਬੇਦਾਰ ਕਦੋਂ ਬਣੀ?

(i) 1751 ਈ: (ii) 1752 ਈ:

(iii) 1753 ਈ: (iv) 1754 ਈ:

❖ ਪਟਿਆਲਾ ਰਿਆਸਤ ਦਾ ਮੋਢੀ ਕੌਣ ਸੀ?

(i) ਅਮਰ ਸਿੰਘ (ii) ਹਮੀਰ ਸਿੰਘ

(iii) ਬਾਬਾ ਆਲਾ ਸਿੰਘ (iv) ਰਾਜਪਾਲ ਸਿੰਘ

❖ ਹੇਠ ਲਿਖਿਆਂ ਵਿੱਚੋਂ ਕੌਣ "ਮਾਈ ਮਲਵੈਣ" ਦੇ ਨਾਂ ਨਾਲ ਪ੍ਰਸਿੱਧ ਸੀ।

(i) ਦਯਾ ਕੌਰ (ii) ਰਤਨ ਕੌਰ

(iii) ਰਾਜ ਕੌਰ (iv) ਗਜਪਤ ਕੌਰ

❖ ਜਮਰੌਦ ਦੀ ਲੜਾਈ ਕਦੋਂ ਹੋਈ?

(i) 1818 ਈ: ਵਿੱਚ (ii) 1819 ਈ: ਵਿੱਚ

(iii) 1823 ਈ: ਵਿੱਚ (iv) 1837 ਈ: ਵਿੱਚ

❖ ਅੰਗਰੇਜ਼ਾਂ ਨੇ ਸਿੰਧ ਦੇ ਅਮੀਰਾਂ ਨਾਲ ਵਪਾਰਿਕ ਸੰਧੀ ਕਦੋਂ ਕੀਤੀ?

(i) 1829 ਈ: (ii) 1831 ਈ:

(iii) 1832 ਈ: (iv) 183[redacted] ਈ:

❖ ਲਾਹੌਰ ਸ਼ਹਿਰ ਦੇ ਪ੍ਰਮੁੱਖ ਅਧਿਕਾਰੀ (ਕੋਤਵਾਲ) ਦਾ ਨਾਂ ਕੀ ਸੀ?

(i) ਧਿਆਨ ਸਿੰਘ ਸਿੰਘ (ii) ਭਵਾਨੀ ਦਾਸ

(iii) ਦੀਨਾ ਨਾਥ (iv) ਇਮਾਮ ਬਖਸ਼

❖ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਸਿੱਖਾਂ ਨਾਲ਼ ਯੁੱਧ ਦੀ ਘੋਸ਼ਣਾ ਕਦੋਂ ਕੀਤੀ?

(i) 1848 ਈ. (ii) 1849 ਈ.

(iii) 1965 ਈ. (iv) 1845 ਈ.

❖ ਮਹਾਰਾਜਾ ਰਣਜੀਤ ਸਿੰਘ ਵੱਲੋਂ ਜਾਰੀ ਸ਼ਾਹੀ ਮੋਹਰ ਤੇ ਕਿਹੜੇ ਸ਼ਬਦ ਉੱਕਰੇ ਸਨ?

(i) ਨਾਨਕ ਸਹਾਇ (ii) ਅਕਾਲ ਸਹਾਇ

(iii) ਗੋਬਿੰਦ ਸਹਾਇ (iv) ਤੇਗ ਸਹਾਇ

❖ ਮਹਾਰਾਜਾ ਰਣਜੀਤ ਸਿੰਘ ਸਮੇਂ ਪਰਗਨੇ ਦੇ ਮੁੱਖ ਅਧਿਕਾਰੀ ਨੂੰ ਕੀ ਕਹਿੰਦੇ ਸਨ?

(i) ਗਵਰਨਰ (ii) ਕਾਰਦਾਰ

(iii) ਮੁਕੱਦਮ (iv) ਪਟਵਾਰੀ

❖ ਭੀਮ ਚੰਦ ਕੌਣ ਸੀ?

(i) ਕਾਂਗੜਾ ਦਾ ਸ਼ਾਸਕ (ii) ਕਹਿਲੂਰ ਦਾ ਸ਼ਾਸਕ

(iii) ਸ਼੍ਰੀ ਨਗਰ ਦਾ ਸ਼ਾਸਕ (iv) ਗੁਲੇਰ ਦਾ ਸ਼ਾਸਕ

❖ ਪੰਜਾਬ ਵਿੱਚ ਕਿੰਨੇ ਦੁਆਬ ਹਨ?

(i) ਦੋ (ii) ਤਿੰਨ

(iii) ਚਾਰ (iv) ਪੰਜ

❖ ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਕੀ ਸੀ?

(i) ਭਾਈ ਜੇਠਾ ਜੀ (ii) ਭਾਈ ਲਹਿਣਾ ਜੀ

(iii) ਤਿਆਗ ਮੱਲ ਜੀ (iv) ਭਾਈ ਗੁਰਦਿੱਤਾ ਜੀ

❖ ਜ਼ਫ਼ਰਨਾਮਾ ਕਿਸ ਗੁਰੂ ਸਾਹਿਬ ਨੇ ਲਿਖਿਆ ?

(i) ਗੁਰੂ ਨਾਨਕ ਦੇਵ ਜੀ (ii) ਗੁਰੂ ਅਰਜਨ ਦੇਵ ਜੀ

(iii) ਗੁਰੂ ਤੇਗ ਬਹਾਦਰ ਜੀ (iv) ਗੁਰੂ ਗੋਬਿੰਦ ਸਿੰਘ ਜੀ

❖ ਪਹਿਲਾ ਘੱਲੂਘਾਰਾ ਕਿੱਥੇ ਵਾਪਰਿਆ :

(i) ਕਾਹਨੂੰਵਾਨ (ii) ਕੁੱਪ

(iii) ਸਰਹਿੰਦ (iv) ਗੁਰਦਾਸ ਨੰਗਲ

❖ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਧਾਨ ਮੰਤਰੀ ਕੌਣ ਸੀ?

(i) ਦੀਵਾਨ ਮੋਹਕਮ ਚੰਦ (ii) ਫ਼ਕੀਰ ਅਜ਼ੀਜ਼ਉੱਦੀਨ

(iii) ਰਾਜਾ ਧਿਆਨ ਸਿੰਘ (iv) ਦੀਵਾਨ ਭਵਾਨੀ ਦਾਸ

❖ ਰਿਗ ਵੈਦਿਕ ਕਾਲ ਵਿੱਚ ਪੰਜਾਬ ਦਾ ਨਾਂ :

(i) ਪੰਚਨਦ (ii) ਸਪਤ ਸਿੰਧੂ

(iii) ਮਗਧ ਦੇਸ਼ (iv) ਸੂਬਾ ਲਾਹੌਰ

❖ ਵਿਦਵਾਨ ਅਬੁਲ ਫਜ਼ਲ ਨੇ ਕਿਸ ਪੁਸਤਕ ਦੀ ਰਚਨਾ ਕੀਤੀ :

(i) ਤੁਜ਼ਕ-ਏ-ਬਾਬਰੀ (ii) ਤੁਜ਼ਕ-ਏ- ਜਹਾਂਗੀਰੀ

(iii) ਆਇਨ-ਏ-ਅਕਬਰੀ (iv) ਅਕਬਰਨਾਮਾ

❖ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਕਿਸ ਗੁਰੂ ਸਾਹਿਬ ਨੇ ਕੀਤੀ :

(i) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ii) ਸ੍ਰੀ ਗੁਰੂ ਤੇਗ ਬਹਾਦਰ ਜੀ

(iii) ਸ੍ਰੀ ਗੁਰੂ ਹਰਿਕ੍ਰਿਸ਼ਨ ਜੀ (iv) ਸ੍ਰੀ ਗੁਰੂ ਹਰਗੋਬਿੰਦ ਜੀ

❖ ਜਮਰੌਦ ਦੀ ਲੜਾਈ ਵਿੱਚ ਕਿਸ ਜਰਨੈਲ ਨੇ ਸ਼ਹੀਦੀ ਪ੍ਰਾਪਤ ਕੀਤੀ :

(i) ਹਰੀ ਸਿੰਘ ਨਲੂਆ (ii) ਜ਼ਕਰੀਆ ਖਾਨ

(iii) ਲਾਰਡ ਹਾਰਡਿੰਗ (iv) ਸਾਵਨ ਮੱਲ

33. **ਮਿਲਾਨ ਕਰੋ :**

| | |
|---|---|
| ❖ ਮੰਜੀ ਪ੍ਰਥਾ | ਪ੍ਰਸਿੱਧ ਤੋਪ |
| ❖ ਬਾਬਾ ਬੁੱਢਾ ਜੀ | ਮਹਾਰਾਜਾ ਰਣਜੀਤ ਸਿੰਘ ਦਾ ਪ੍ਰਸਿੱਧ ਸੈਨਾਪਤੀ |
| ❖ ਜਮਜਮਾ | 18●9 ਈਸਵੀ |
| ❖ ਹਰੀ ਸਿੰਘ ਨਲਵਾ | ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ |
| ❖ ਅੰਮ੍ਰਿਤਸਰ ਦੀ ਸੰਧੀ | ਗੁਰੂ ਅਮਰਦਾਸ ਜੀ |
| ❖ ਸ੍ਰੀ ਮੁਕਤਸਰ ਸਾਹਿਬ | ਗੁਰੂ ਅੰਗਦ ਦੇਵ ਜੀ |
| ❖ ਭਾਈ ਲਹਿਣਾ | ਖਿਦਰਾਣੇ ਦੀ ਢਾਬ |
| ❖ ਖਾਲਸਾ ਪੰਥ | ਬੰਦਾ ਸਿੰਘ ਬਹਾਦਰ |
| ❖ ਦਲ ਖਾਲਸਾ | ਗੁਰੂ ਅਮਰਦਾਸ ਜੀ |
| ❖ ਸ਼ੁਕਰਚੱਕੀਆ ਮਿਸਲ | ਗੁਰੂ ਗੋਬਿੰਦ ਸਿੰਘ ਜੀ |
| ❖ ਮੰਜੀ ਪ੍ਰਥਾ | 12 ਜੱਥੇ |
| ❖ ਮਾਧੋ ਦਾਸ | ਰਣਜੀਤ ਸਿੰਘ |

**ਖ਼ਾਲੀ ਸਥਾਨ ਭਰੋ :**

❖ ਬਾਬਰ ਨੇ ਪੰਜਾਬ ’ਤੇ ਕੁੱਲ............ ਹਮਲੇ ਕੀਤੇ।

❖ ਉਦਾਸੀ ਮਤ ਦੇ ਸੰਸਥਾਪਕ ...........ਸਨ।

- ਗੁਰਗੱਦੀ ਮਿਲਣ ਸਮੇਂ ਗੁਰੂ ਹਰਿਗੋਬਿੰਦ ਜੀ ਦੀ ਉਮਰ.................... ਸਾਲ ਸੀ।
- 'ਚੱਕ ਨਾਨਕੀ' ਨਗਰ ਦੀ ਸਥਾਪਨਾ........... ਨੇ ਕੀਤੀ ਸੀ।
- ਜ਼ਕਰੀਆਂ ਖਾਂ ਤੋਂ ਪਹਿਲਾਂ ਪੰਜਾਬ ਦਾ ਸੂਬੇਦਾਰ................ ਸੀ।
- ਜਹਾਂਗੀਰ ਦੀ ਮੌਤ ਤੋਂ ਬਾਅਦ ਮੁਗਲ ਬਾਦਸ਼ਾਹ ...............ਬਣਿਆ ਸੀ।
- 'ਕ੍ਰਿਸ਼ਨ ਅਵਤਾਰ' ਸਾਹਿਤ ਦੀ ਰਚਨਾ............. ਨੇ ਕੀਤੀ ਸੀ।
- ਚੌਧਰੀ ਮੱਸਾ ਰੰਗੜ................ ਪਿੰਡ ਦਾ ਚੌਧਰੀ ਸੀ।
- ਜਸਵੰਤ ਰਾਓ ਹੋਲਕਰ ............... ਈ. ਵਿੱਚ ਪੰਜਾਬ ਆਇਆ ਸੀ।
- ਨਾਦਰ ਸ਼ਾਹ ਦੀ ਹੱਤਿਆ ਤੋਂ ਬਾਅਦ ਅਫਗਾਨਿਸਤਾਨ ਦਾ ਬਾਦਸ਼ਾਹ............. ਬਣਿਆ।
- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮੁੱਖੀ ਲਿਪੀ ਦਾ ਗਿਆਨ ਬਚਪਨ ਵਿੱਚ................ ਤੋਂ ਪ੍ਰਾਪਤ ਕੀਤਾ।
- ਅਬਦੁਸ ਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ..............ਈਸਵੀ ਵਿੱਚ ਨਿਯੁਕਤ ਕੀਤਾ ਗਿਆ ਸੀ।
- ਗੁਰੂ ਹਰਗੋਬਿੰਦ ਜੀ ਦੀ ਪੁੱਤਰੀ ਦਾ ਨਾਂ.................. ਸੀ।
- __________ ਨੂੰ ਬੰਦੀ ਛੋੜ ਬਾਬਾ ਵੀ ਕਿਹਾ ਜਾਂਦਾ ਹੈ।
- ਮੁਗਲ ਬਾਦਸ਼ਾਹ ............... ਗੁਰੂ ਅਮਰਦਾਸ ਜੀ ਨੂੰ ਮਿਲਣ ਗੋਇੰਦਵਾਲ ਸਾਹਿਬ ਆਇਆ ਸੀ।
- ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ............. ਨੇ ਕੀਤਾ ਸੀ।
- ਬਾਬਾ ਦੀਪ ਸਿੰਘ ਜੀ ਦਾ ਸਬੰਧ................. ਮਿਸਲ ਨਾਲ ਸੀ।
- ਗੋਇੰਦਵਾਲ ਸਾਹਿਬ ਵਿੱਚ ਬਾਉਲੀ ਦਾ ਨਿਰਮਾਣ __________ ਨੇ ਕਰਵਾਇਆ।
- ਮਸੰਦ ਪ੍ਰਥਾ ਦੀ ਸ਼ੁਰੂਆਤ __________ ਨੇ ਕੀਤੀ।
- ਸ੍ਰੀ ਆਦਿ ਗ੍ਰੰਥ ਸਾਹਿਬ ਦਾ ਸੰਕਲਨ __________ ਈਸਵੀ ਵਿੱਚ ਪੂਰਾ ਹੋਇਆ।
- ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ _________ ਸੂਬਿਆਂ ਵਿੱਚ ਵੰਡਿਆ ਹੋਇਆ ਸੀ।
- ਗੁਜਰਾਤ ਦੀ ਲੜਾਈ ਇਤਿਹਾਸ ਵਿੱਚ _________ ਦੀ ਲੜਾਈ ਦੇ ਨਾਂ ਨਾਲ ਪ੍ਰਸਿੱਧ ਹੈ।
- ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਵਿਸਾਖੀ ਵਾਲੇ ਦਿਨ ................ ਦੀ ਸਥਾਪਨਾ ਕੀਤੀ।
- ..............ਅਤੇ................. ਕਿਸੇ ਵੀ ਪ੍ਰਦੇਸ਼ ਦੇ ਇਤਿਹਾਸ ਅਧਿਐਨ ਦੇ ਲਈ ਜ਼ਰੂਰੀ ਸੋਮੇ ਹਨ।
- 'ਗੁਰੂ ਕਾ ਬਜ਼ਾਰ' ..............ਸ਼ਹਿਰ ਵਿੱਚ ਸੀ।
- 'ਚਾਰ ਲਾਵਾਂ' ਦਾ ਉਚਾਰਨ ਸ੍ਰੀ ਗੁਰੂ .................... ਜੀ ਨੇ ਕੀਤਾ।
- ਜੀਜਾਬਾਈ.............. ਦੇ ਮਾਤਾ ਜੀ ਸਨ।
- ਕਨਕੂਤ ਪ੍ਰਣਾਲੀ ਨੂੰ ............. ਨੇ ਲਾਗੂ ਕੀਤਾ ਸੀ।
- ਭੈਰੋਵਾਲ ਦੀ ਸੰਧੀ............. ਦੇ ਸਥਾਨ ਵਿਖੇ ਹੋਈ।

❖ ਤਰੁਣਾ ਦਲ ਦੀ ਸਥਾਪਨਾ............ ਦੁਆਰਾ ਕੀਤੀ ਗਈ।

❖ ਮੁਗਲ ਕਾਲ ਵਿੱਚ ਪੰਜਾਬ ਦਾ ਮੁਸਲਮਾਨ ਸਮਾਜ.............ਹਿੱਸਿਆਂ ਵਿੱਚ ਵੰਡਿਆ ਹੋਇਆ ਸੀ।

**ਸਹੀ/ਗਲਤ:**

❖ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ ਸਥਿਤ ਹੈ।

❖ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਬਾਲ ਗੁਰੂ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

❖ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਛੇਵੇਂ ਗੁਰੂ ਸਨ।

❖ ਜ਼ਬਤੀ ਪ੍ਰਨਾਲ਼ੀ ਅਧੀਨ ਜ਼ਮੀਨ ਨੂੰ ਪੰਜ ਵਰਗਾਂ ਵਿੱਚ ਵੰਡਿਆ ਹੋਇਆ ਸੀ।

❖ ਸਦਾ ਕੌਰ ਜੀ ਕਨ੍ਹਈਆ ਮਿਸਲ ਨਾਲ ਸੰਬੰਧ ਰੱਖਦੇ ਸਨ।

❖ 182● ਈ. ਵਿੱਚ ਹਰੀ ਸਿੰਘ ਨਲਵਾ ਨੂੰ ਕਸ਼ਮੀਰ ਦਾ ਨਵਾਂ ਗਵਰਨਰ ਨਿਯੁਕਤ ਕੀਤਾ ਗਿਆ ਸੀ।

❖ ਮੁਗਲ ਕਾਲ ਵਿੱਚ ਚਿਸ਼ਤੀ ਸਿਲਸਲਾ ਬਹੁਤ ਪ੍ਰਸਿੱਧ ਸੀ।

❖ ਨਿਸ਼ਾਨਵਾਲੀਆ ਮਿਸਲ ਦਾ ਮੋਢੀ ਹਮੀਰ ਸਿੰਘ ਸੀ।

❖ ਰਾਜਾ ਧਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਧਾਨ ਮੰਤਰੀ ਸੀ।

❖ ਡੱਲੇ ਵਾਲੀਆਂ ਮਿਸਲ ਦੇ ਸਭ ਤੋ ਪ੍ਰਸਿੱਧ ਨੇਤਾ ਬਾਬਾ ਦੀਪ ਸਿੰਘ ਜੀ ਸਨ।

❖ ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਦਾ ਨਾਂ ਸ਼ੇਰ ਸਿੰਘ ਸੀ।

❖ ਨਵਾਬ ਕਪੂਰ ਸਿੰਘ ਦਲ ਖ਼ਾਲਸਾ ਦੇ ਪ੍ਰਧਾਨ ਸੈਨਾਪਤੀ ਸੀ।

❖ ਬਾਲਾਜੀ ਬਾਜੀਰਾਓ ਦੇ ਪੁੱਤਰ ਦਾ ਨਾਂ ਵਿਸ਼ਵਾਸ਼ ਰਾਓ ਸੀ।

❖ ਸਰਦਾਰ ਹਰੀ ਸਿੰਘ ਨਲੂਆ ਨੂੰ ਜ਼ਫ਼ਰਜੰਗ ਦਾ ਖਿਤਾਬ ਹਾਸਿਲ ਸੀ।

❖ ਸ੍ਰੀ ਹਰਮਿੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਸਨ।

❖ ਅਹਿਮਦਸ਼ਾਹ ਅਬਦਾਲੀ ਨੇ ਭਾਰਤ ’ਤੇ ਕੁੱਲ 6 ਹਮਲੇ ਕੀਤੇ ਸਨ।

❖ ਮਰਾਠਾ ਨੇਤਾ ਜਸਵੰਤ ਰਾਓ ਹੋਲਕਰ 18●5 ਈ. ਵਿੱਚ ਪੰਜਾਬ ਆਇਆ ਸੀ।

❖ ਗੁਰਮੁਖੀ ਲਿਪੀ ਨੂੰ ਗੁਰੂ ਅੰਗਦ ਦੇਵ ਜੀ ਨੇ ਹਰਮਨ ਪਿਆਰਾ ਬਣਾਇਆ।

❖ ਸ੍ਰੀ ਅਨੰਦਪੁਰ ਸਾਹਿਬ ਦਾ ਪਹਿਲਾ ਨਾਂ ਚੱਕ ਨਾਨਕੀ ਸੀ।

❖ ਨਵਾਬ ਕਪੂਰ ਸਿੰਘ ਦਲ ਖਾਲਸਾ ਦਾ ਪ੍ਰਧਾਨ ਸੈਨਾਪਤੀ ਸੀ।

❖ ਮਹਾਰਾਜਾ ਰਣਜੀਤ ਸਿੰਘ ਨੇ 18●5 ਈਸਵੀ ਵਿੱਚ ਲਾਹੌਰ ਉੱਪਰ ਜਿੱਤ ਪ੍ਰਾਪਤ ਕੀਤੀ।

❖ ਮਹਾਰਾਜਾ ਦਲੀਪ ਸਿੰਘ ਪੰਜਾਬ ਦੇ ਆਖਰੀ ਸਿੱਖ ਮਹਾਰਾਜਾ ਸੀ।

❖ ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦੇ ਛੋਟੇ ਭਰਾ ਸੀ।

❖ ਭੰਗਾਣੀ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਮੀਰ ਮੰਨੂੰ ਨੂੰ ਹਰਾਇਆ ਸੀ।

❖ ਸਰਦਾਰ ਮਹਾਂ ਸਿੰਘ, ਘਨੱਈਆ ਮਿਸਲ ਦੇ ਮੁਖੀ ਸਨ।

❖ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਕਿਹਾ ਜਾਂਦਾ ਹੈ।

## ਭਾਗ- (ਅ)

ਭਾਗ -ਅ ਦੇ ਪ੍ਰਸ਼ਨ ਨੰ. 2 ਵਿੱਚ 3 ਅੰਕਾਂ ਵਾਲੇ 10 ਪ੍ਰਸ਼ਨ ਹਨ। ਜਿਨ੍ਹਾਂ ਵਿੱਚੋਂ ਕੋਈ 5 ਪ੍ਰਸ਼ਨ ਹੱਲ ਕਰਨੇ ਹਨ। ਇਹਨਾਂ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ। ਪ੍ਰਸ਼ਨ ਪੱਤਰ ਵਿੱਚ ਸਿਲੇਬਸ ਦੇ ੳ ਭਾਗ ਵਿੱਚੋਂ 8 ਪ੍ਰਸ਼ਨ ਅਤੇ ਅ ਭਾਗ ਵਿੱਚੋਂ 2 ਪ੍ਰਸ਼ਨ ਹੋਣਗੇ।

**ਨੋਟ: ਕੋਈ ਪੰਜ ਪ੍ਰਸ਼ਨ ਕਰੋ। (ਉੱਤਰ 25-30 ਸ਼ਬਦਾਂ ਵਿੱਚ ਦਿਉ)** $5 \times 3 = 15$

- ❖ ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ?
- ❖ ਹਿਮਾਲਿਆ ਪਰਬਤ ਦੇ ਕੋਈ ਤਿੰਨ ਲਾਭ ਲਿਖੋ।
- ❖ ਪੰਜਾਬ ਦੇ ਦਰਿਆਵਾਂ ਨੇ ਇਸ ਦੇ ਇਤਿਹਾਸ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ?
- ❖ ਪੰਜਾਬ ਵਿੱਚ ਕਿੰਨੇ ਦੁਆਬੇ ਹਨ? ਕਿਸੇ ਤਿੰਨ ਦਾ ਵਰਨਣ ਕਰੋ।
- ❖ ਦਸਮ ਗ੍ਰੰਥ ਸਾਹਿਬ ਬਾਰੇ ਤੁਸੀਂ ਕੀ ਜਾਣਦੇ ਹੋ?
- ❖ ਜ਼ਫ਼ਰਨਾਮਾ ਕੀ ਹੈ? ਇਸ ਦੀ ਇਤਿਹਾਸਕ ਮਹੱਤਤਾ ਤੇ ਚਾਨਣਾ ਪਾਓ।
- ❖ ਬਚਿੱਤਰ ਨਾਟਕ ਬਾਰੇ ਤੁਸੀਂ ਕੀ ਜਾਣਦੇ ਹੋ?
- ❖ ਬਾਬਰ ਦੇ ਭਾਰਤ ਉੱਤੇ ਹਮਲੇ ਦੇ ਕੋਈ ਤਿੰਨ ਕਾਰਨ ਲਿਖੋ।
- ❖ ਪਾਨੀਪਤ ਦੀ ਪਹਿਲੀ ਲੜਾਈ ਬਾਰੇ ਸੰਖੇਪ ਨੋਟ ਲਿਖੋ।
- ❖ ਦੌਲਤ ਖਾਂ ਲੋਧੀ ਕੋਣ ਸੀ?
- ❖ ਸੰਗਤ ਅਤੇ ਪੰਗਤ ਬਾਰੇ ਸੰਖੇਪ ਨੋਟ ਲਿਖੋ।
- ❖ 16ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੀ ਆਰਥਿਕ ਸਥਿਤੀ ਕਿਹੋ ਜਿਹੀ ਸੀ?
- ❖ ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਸੰਬੰਧੀ ਕੀ ਵਿਚਾਰ ਸਨ?
- ❖ ਗੁਰੂ ਅੰਗਦ ਦੇਵ ਜੀ ਦੇ ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ ਦਾ ਸੰਖੇਪ ਵਰਨਣ ਕਰੋ।
- ❖ ਮੰਜੀ ਪ੍ਰਥਾ ਬਾਰੇ ਤੁਸੀਂ ਕੀ ਜਾਣਦੇ ਹੋ?
- ❖ ਸੱਤਾ ਅਤੇ ਬਲਵੰਡ ਬਾਰੇ ਤੁਸੀਂ ਕੀ ਜਾਣਦੇ ਹੋ?
- ❖ ਗੁਰੂ ਅਮਰਦਾਸ ਜੀ ਦੇ ਤਿੰਨ ਸਮਾਜਿਕ ਸੁਧਾਰਾਂ ਦਾ ਵਰਨਨ ਕਰੋ।
- ❖ ਉਦਾਸੀ ਮਤ ਬਾਰੇ ਇੱਕ ਸੰਖੇਪ ਨੋਟ ਲਿਖੋ।
- ❖ ਮਸੰਦ ਪ੍ਰਥਾ ਦੇ ਮੁੱਖ ਉਦੇਸ਼ ਕੀ ਸਨ।
- ❖ ਪ੍ਰਿਥੀ ਚੰਦ ਕੌਣ ਸੀ? ਉਸ ਨੇ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਿਉਂ ਕੀਤਾ?
- ❖ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਸਮੇਂ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ?
- ❖ ਚੰਦੂ ਸ਼ਾਹ ਬਾਰੇ ਤੁਸੀਂ ਕੀ ਜਾਣਦੇ ਹੋ?
- ❖ ਸ੍ਰੀ ਹਰਿਮੰਦਰ ਸਾਹਿਬ ਬਾਰੇ ਇੱਕ ਸੰਖੇਪ ਨੋਟ ਲਿਖੋ।
- ❖ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸੰਖੇਪ ਵਰਣਨ ਕਰੋ।
- ❖ ਮੀਰੀ ਤੇ ਪੀਰੀ ਤੋਂ ਕੀ ਭਾਵ ਹੈ?

❖ ਗੁਰੂ ਹਰਗੋਬਿੰਦ ਜੀ ਨੂੰ ਬੰਦੀਛੋੜ ਬਾਬਾ ਕਿਉਂ ਕਿਹਾ ਜਾਂਦਾ ਹੈ?
❖ ਅਕਾਲ ਤਖਤ ਸਾਹਿਬ ਬਾਰੇ ਸੰਖੇਪ ਨੋਟ ਲਿਖੋ।
❖ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਵੀਂ ਨੀਤੀ ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਲਿਖੋ।
❖ ਗੁਰੂ ਹਰਿ ਕ੍ਰਿਸ਼ਨ ਜੀ ਬਾਰੇ ਸੰਖੇਪ ਨੋਟ ਲਿਖੋ।
❖ ਖਾਲਸਾ ਪੰਥ ਦੇ ਤਿੰਨ ਮੁੱਖ ਸਿਧਾਂਤਾਂ ਦਾ ਵਰਨਣ ਕਰੋ।
❖ ਖਾਲਸਾ ਦੀ ਸਥਾਪਨਾ ਦੇ ਕਾਰਨਾਂ ਦੀ ਸੰਖੇਪ ਵਿਆਖਿਆ ਕਰੋ।
❖ ਬੰਦਾ ਬੈਰਾਗੀ ਕੌਣ ਸੀ ਅਤੇ ਉਹ ਸਿੱਖ ਕਿਵੇਂ ਬਣਿਆ?
❖ ਬੰਦਾ ਸਿੰਘ ਬਹਾਦਰ ਨੂੰ ਕਦੋਂ, ਕਿੱਥੇ ਅਤੇ ਕਿਵੇਂ ਸ਼ਹੀਦ ਕੀਤਾ ਗਿਆ?
❖ ਚੱਪੜਚਿੜੀ ਦੀ ਲੜਾਈ ਬਾਰੇ ਸੰਖੇਪ ਨੋਟ ਲਿਖੋ।
❖ ਬੁੱਢਾ ਦਲ ਅਤੇ ਤਰੁਣਾ ਦਲ ਬਾਰੇ ਸੰਖੇਪ ਵਿੱਚ ਵਰਨਣ ਕਰੋ।
❖ ਮੀਰ ਮੰਨੂੰ ਦੀ ਸਿੱਖਾਂ ਵਿਰੁੱਧ ਅਸਫਲਤਾ ਦੇ ਕੀ ਕਾਰਨ ਸਨ?
❖ ਦਲ ਖਾਲਸਾ ਦੀ ਸਥਾਪਨਾ ਕਦੋਂ ਹੋਈ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।
❖ ਮੁਗਲਾਂ ਅਧੀਨ ਪੰਜਾਬ ਦੇ ਸਮਾਜ ਦੀਆਂ ਤਿੰਨ ਮੁੱਖ ਵਿਸ਼ੇਸ਼ਤਾਵਾਂ ਲਿਖੋ।
❖ ਮੁਗਲਕਾਲੀਨ ਪੰਜਾਬ ਵਿੱਚ ਲੋਕਾਂ ਦੇ ਮਨੋਰੰਜਨ ਦੇ ਮੁੱਖ ਸਾਧਨ ਕਿਹੜੇ ਸਨ?
❖ ਮੁਗਲਕਾਲੀਨ ਪੰਜਾਬ ਵਿੱਚ ਸਿੱਖਿਆ ਦਾ ਕੀ ਪ੍ਰਬੰਧ ਸੀ?
❖ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦੇ ਤਿੰਨ ਮੁੱਖ ਕਾਰਨ ਦੱਸੋ।
❖ ਪਾਨੀਪਤ ਦੀ ਤੀਜੀ ਲੜਾਈ ਤੇ ਨੋਟ ਲਿਖੋ।
❖ ਵੱਡੇ ਘੱਲੂਘਾਰੇ ਸਬੰਧੀ ਸੰਖੇਪ ਨੋਟ ਲਿਖੋ?
❖ ਸਰਬੱਤ ਖਾਲਸਾ ਅਤੇ ਗੁਰਮੱਤਾ ਬਾਰੇ ਸੰਖੇਪ ਨੋਟ ਲਿਖੋ।
❖ ਰਾਖੀ ਪ੍ਰਣਾਲੀ' ਸਬੰਧੀ ਸੰਖੇਪ ਨੋਟ ਲਿਖੋ?
❖ ਹਰੀ ਸਿੰਘ ਨਲੁਆ' ਬਾਰੇ ਨੋਟ ਲਿਖੋ?
❖ ਮਹਾਰਾਜਾ ਰਣਜੀਤ ਸਿੰਘ ਦਾ ਪਰਜਾ ਪ੍ਰਤੀ ਵਤੀਰਾ ਕਿਹੋ ਜਿਹਾ ਸੀ?
❖ ਮਹਾਰਾਜਾ ਰਣਜੀਤ ਸਿੰਘ ਇੱਕ ਧਰਮ-ਨਿਰਪੇਖ ਸ਼ਾਸਕ ਸੀ। ਆਪਣੇ ਸ਼ਬਦਾਂ ਵਿੱਚ ਵਰਨਣ ਕਰੋ।
❖ ਮਹਾਰਾਜਾ ਰਣਜੀਤ ਸਿੰਘ ਦੇ ਨਿਆਂ-ਪ੍ਰਬੰਧ ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
❖ ਪਹਿਲੇ ਐਂਗਲੋ ਸਿੱਖ ਯੁੱਧ ਦੇ ਤਿੰਨ ਪ੍ਰਭਾਵ ਲਿਖੋ।
❖ ਮਹਾਰਾਣੀ ਜਿੰਦਾ ਬਾਰੇ ਸੰਖੇਪ ਨੋਟ ਲਿਖੋ।

## ਭਾਗ- (ੲ)

ਭਾਗ-ੲ ਦੇ ਪ੍ਰਸ਼ਨ ਨੰ. 3 ਵਿੱਚ 4 ਅੰਕਾਂ ਵਾਲੇ 8 ਪ੍ਰਸ਼ਨ ਹਨ। ਜਿਨ੍ਹਾਂ ਵਿੱਚੋਂ ਕੋਈ 5 ਪ੍ਰਸ਼ਨ ਹੱਲ ਕਰਨੇ ਹਨ। ਇਹਨਾਂ ਪ੍ਰਸ਼ਨਾਂ ਦੇ ਉੱਤਰ 5●-6● ਸ਼ਬਦਾਂ ਵਿੱਚ ਦਿਓ। ਪ੍ਰਸ਼ਨ ਪੱਤਰ ਵਿੱਚ ਸਿਲੇਬਸ ਦੇ ੳ ਭਾਗ ਵਿੱਚੋਂ 6 ਪ੍ਰਸ਼ਨ ਅਤੇ ਅ ਭਾਗ ਵਿੱਚੋਂ 2 ਪ੍ਰਸ਼ਨ ਹੋਣਗੇ।

**ਨੋਟ: ਕੋਈ ਪੰਜ ਪ੍ਰਸ਼ਨ ਕਰੋ। (ਉੱਤਰ 5●-6● ਸ਼ਬਦਾਂ ਵਿੱਚ ਦਿਉ)** 5×4=2●

- ❖ ਪੰਜਾਬ ਦੇ ਇਤਿਹਾਸ ਦੀ ਰਚਨਾ ਵਿੱਚ ਇਤਿਹਾਸ ਕਾਰਾਂ ਨੂੰ ਕਿਹੜੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ? ਵਰਨਣ ਕਰੋ।
- ❖ ਪਾਣੀਪਤ ਦੀ ਪਹਿਲੀ ਲੜਾਈ ਬਾਰੇ ਸੰਖੇਪ ਨੋਟ ਲਿਖੋ।
- ❖ ਗੁਰੂ ਨਾਨਕ ਦੇਵ ਜੀ ਦੀਆਂ ਕੋਈ ਚਾਰ ਸਿੱਖਿਆਵਾਂ ਦਾ ਵਰਣਨ ਕਰੋ।
- ❖ ਸਿੱਖ ਧਰਮ ਦੇ ਵਿਕਾਸ ਲਈ ਗੁਰੂ ਅੰਗਦ ਦੇਵ ਜੀ ਦੇ ਯੋਗਦਾਨ ਸਬੰਧੀ ਚਰਚਾ ਕਰੋ।
- ❖ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਸੰਕਲਨ ਅਤੇ ਮਹੱਤਵ ਬਾਰੇ ਜਾਣਕਾਰੀ ਦਿਓ।
- ❖ ਗੁਰੂ ਹਰਿਗੋਬਿੰਦ ਜੀ ਦੀ ਨਵੀਂ ਨੀਤੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸੋ।
- ❖ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੀਵਨ ਬਾਰੇ ਸੰਖੇਪ ਵਿੱਚ ਚਰਚਾ ਕਰੋ।
- ❖ ਸਿੱਖ ਧਰਮ ਦੇ ਕਿਸ ਸ਼ਰਧਾਲੂ ਨੇ ਨੌਵੀਂ ਪਾਤਸ਼ਾਹੀ ਦੀ ਭਾਲ ਕਿਵੇਂ ਕੀਤੀ। ਵਿਸਥਾਰ ਵਿੱਚ ਵਰਨਣ ਕਰੋ।
- ❖ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਮਹੱਤਵਪੂਰਨ ਪ੍ਰਭਾਵਾਂ ਦੀ ਚਰਚਾ ਕਰੋ।
- ❖ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੁੱਖ ਕਾਰਨਾਂ ਦਾ ਸੰਖੇਪ ਵਿੱਚ ਵਰਣਨ ਕਰੋ।
- ❖ ਵੱਡੇ ਘੱਲੂਘਾਰੇ ਬਾਰੇ ਸੰਖੇਪ ਨੋਟ ਲਿਖੋ।
- ❖ ਖਾਲਸਾ ਪੰਥ ਦੀ ਸਥਾਪਨਾ ਦੇ ਕਿਸੇ ਚਾਰ ਕਾਰਨਾਂ ਦਾ ਵਰਨਣ ਕਰੋ।
- ❖ ਦਲ ਖਾਲਸਾ ਸੰਗਠਨ ਦੀ ਸਥਾਪਨਾ ਕਦੋਂ ਹੋਈ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।
- ❖ ਮੁਗਲਕਾਲੀਨ ਪੰਜਾਬ ਵਿੱਚ ਲੋਕਾਂ ਦੇ ਮਨੋਰੰਜਨ ਦੇ ਮੁੱਖ ਸਾਧਨ ਕਿਹੜੇ ਸਨ?
- ❖ ਮੁਗਲਕਾਲੀਨ ਪੰਜਾਬ ਵਿੱਚ ਇਸਤਰੀ ਸਮਾਜ ਵਿੱਚ ਪ੍ਰਚਲਿਤ ਕੋਈ ਚਾਰ ਬੁਰਾਈਆਂ ਲਿਖੋ।
- ❖ ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਉੱਤੇ ਅਧਿਕਾਰ ਤੇ ਉਸ ਦੇ ਮਹੱਤਵ ਬਾਰੇ ਦੱਸੋ।
- ❖ ਮਹਾਰਾਜਾ ਰਣਜੀਤ ਸਿੰਘ ਦੀ ਮਿਸਲ ਨੀਤੀ ਦੀ ਪੜਚੋਲ ਕਰੋ।
- ❖ ਅੰਮ੍ਰਿਤਸਰ ਦੀ ਸੰਧੀ ਦੀਆਂ ਮੁੱਖ ਸ਼ਰਤਾਂ ਕੀ ਸਨ?
- ❖ ਤਿੰਨ ਪੱਖੀ ਸੰਧੀ ਤੇ ਇਸ ਦੀ ਮਹੱਤਤਾ ਬਾਰੇ ਨੋਟ ਲਿਖੋ।
- ❖ ਅਕਾਲੀ ਫੂਲਾ ਸਿੰਘ ਬਾਰੇ ਸੰਖੇਪ ਨੋਟ ਲਿਖੋ।
- ❖ ਹਰੀ ਸਿੰਘ ਨਲੁਆ ਬਾਰੇ ਸੰਖੇਪ ਵਿੱਚ ਵਰਨਣ ਕਰੋ।
- ❖ ਮਹਾਰਾਜਾ ਰਣਜੀਤ ਸਿੰਘ ਦੇ ਸੈਨਿਕ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ ਲਿਖੋ।

- ❖ ਦੂਜੇ ਐਂਗਲੋ ਸਿੱਖ ਯੁੱਧ ਦੇ ਚਾਰ ਪ੍ਰਭਾਵਾਂ ਦਾ ਵਰਣਨ ਕਰੋ।
- ❖ ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰ-ਏ-ਪੰਜਾਬ ਕਿਉਂ ਕਿਹਾ ਜਾਂਦਾ ਹੈ?
- ❖ ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ?
- ❖ ਜਨਮ ਸਾਖੀਆਂ ਕੀ ਹਨ? ਚਾਰ ਜਨਮ ਸਾਖੀਆਂ ਦੇ ਨਾਮ ਲਿਖੋ।
- ❖ ਜ਼ਫ਼ਰਨਾਮਾ ਤੇ ਨੋਟ ਲਿਖੋ।
- ❖ ਬੰਦਾ ਸਿੰਘ ਬਹਾਦਰ ਦੀ ਸਫਲਤਾ ਦੇ ਮੁੱਖ ਕਾਰਨਾਂ ਦਾ ਵਰਣਨ ਕਰੋ।
- ❖ ਚੱਪੜਚਿੜੀ ਦੀ ਲੜਾਈ ਤੇ ਨੋਟ ਲਿਖੋ।
- ❖ ਗੋਇੰਦਵਾਲ ਸਾਹਿਬ ਵਿੱਚ ਬਾਉਲੀ ਦੀ ਉਸਾਰੀ ਤੇ ਨੋਟ ਲਿਖੋ।
- ❖ ਬੀਬੀ ਭਾਨੀ ਬਾਰੇ ਨੋਟ ਲਿਖੋ।
- ❖ ਅਕਾਲ ਤਖਤ ਸਾਹਿਬ ਬਾਰੇ ਨੋਟ ਲਿਖੋ।
- ❖ ਸ੍ਰੀ ਹਰਿਮੰਦਰ ਸਾਹਿਬ ਬਾਰੇ ਨੋਟ ਲਿਖੋ।

**ਭਾਗ-(ਸ) ਨਕਸ਼ਾ (ਮਾਨਚਿੱਤਰ)**

**10+5=15**

ਭਾਗ- ਸ ਵਿੱਚ ਨਕਸ਼ੇ ਦਾ ਪ੍ਰਸ਼ਨ ਹੈ ਜੋ 15 ਅੰਕਾਂ ਦਾ ਹੈ। ਜਿਸ ਵਿੱਚ 5 ਸਥਾਨ ਦਰਸਾਉਣ ਦੇ 10 ਅੰਕ ਹਨ ਅਤੇ 5 ਸਥਾਨਾਂ ਸਬੰਧੀ ਵਿਆਖਿਆ ਕਰਨ ਦੇ 5 ਅੰਕ ਰੱਖੇ ਗਏ ਹਨ। ਹਰੇਕ ਸਥਾਨ ਦੀ ਵਿਆਖਿਆ 10 ਤੋਂ 15 ਸ਼ਬਦਾਂ ਵਿੱਚ ਕਰਨੀ ਹੈ। ਨਕਸ਼ੇ ਵਾਲੇ ਪ੍ਰਸ਼ਨ ਵਿੱਚ ਅੰਦਰੂਨੀ ਛੋਟ ਦਿੱਤੀ ਗਈ ਹੈ।

**ਪ੍ਰਸ਼ਨ 4** (ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿੱਚ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਕੋਈ ਪੰਜ ਸਥਾਨ ਦਿਖਾਓ। (10)

(ਅ) ਹਰ ਇੱਕ ਸਥਾਨ ਦੀ ਵਿਆਖਿਆ 10 ਤੋਂ 15 ਸ਼ਬਦਾਂ ਵਿੱਚ ਕਰੋ। (5)

**ਜਾਂ**

(ੳ) ਪੰਜਾਬ ਦੇ ਮਾਨਚਿੱਤਰ ਵਿੱਚ ਦੂਜੇ ਐਂਗਲੋ ਸਿੱਖ ਯੁੱਧ ਦੇ ਸਥਾਨ ਦਿਖਾਓ। (10)

(ਅ) ਹਰ ਸਥਾਨ ਦੀ ਵਿਆਖਿਆ 10 ਤੋਂ 15 ਸ਼ਬਦਾਂ ਵਿੱਚ ਕਰੋ। (5)

**ਜਾਂ**

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ ਦੇ ਪੰਜ ਸਥਾਨ ਦਿਖਾਓ। 10

(ਅ) ਹਰੇਕ ਸਥਾਨ ਦੀ ਵਿਆਖਿਆ 10-15 ਸ਼ਬਦਾਂ ਵਿੱਚ ਕਰੋ। 5

**ਜਾਂ**

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿੱਚ ਪਹਿਲੇ ਐਂਗਲੋ-ਸਿੱਖ ਯੁੱਧ ਦੇ ਪੰਜ ਸਥਾਨ ਦਿਖਾਓ। 10

(ਅ) ਹਰੇਕ ਸਥਾਨ ਦੀ ਵਿਆਖਿਆ 10-15 ਸ਼ਬਦਾਂ ਵਿੱਚ ਕਰੋ। 5

**ਜਾਂ**

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਲੜਾਂਈਆਂ ਦੇ ਪੰਜ ਸਥਾਨ ਦਿਖਾਓ। 10

(ਅ) ਹਰੇਕ ਸਥਾਨ ਦੀ ਵਿਆਖਿਆ 10-15 ਸ਼ਬਦਾਂ ਵਿੱਚ ਕਰੋ। 5

**( ਵੇਖਣ ਤੋਂ ਅਸਮੱਰਥ ਵਿਦਿਆਰਥੀਆਂ ਲਈ) ਪ੍ਰਸ਼ਨ ਨੰ:4(ਮਾਨਚਿੱਤਰ ਪ੍ਰਸ਼ਨ) ਦੇ ਸਥਾਨ ਤੇ ਬਦਲਵੇਂ ਪ੍ਰਸ਼ਨ)**

(ੳ) ਜਨਮ ਸਾਖੀਆਂ ਤੋਂ ਕੀ ਭਾਵ ਹੈ? ਪ੍ਰਸਿੱਧ ਜਨਮ ਸਾਖੀਆਂ ਬਾਰੇ ਲਿਖੋ। 10

(ਅ) ਗੁਰੂ ਹਰਿ ਰਾਏ ਜੀ ਬਾਰੇ ਸੰਖੇਪ ਨੋਟ ਲਿਖੋ। 5

ਜਾਂ

(ੳ) ਦੂਸਰੇ ਐਂਗਲੋ-ਸਿੱਖ ਯੁੱਧ ਦੇ ਕੀ ਕਾਰਨ ਸਨ? ਇਸ ਯੁੱਧ ਦੇ ਕੀ ਸਿੱਟੇ ਨਿਕਲੇ। 10

(ਅ) ਅਕਾਲੀ ਫੂਲਾ ਸਿੰਘ ਬਾਰੇ ਸੰਖੇਪ ਨੋਟ ਲਿਖੋ 5

ਜਾਂ

(ੳ) ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ। (10)

(ਅ) ਸ੍ਰੀ ਹਰਿਮੰਦਰ ਸਾਹਿਬ ਬਾਰੇ ਸੰਖੇਪ ਨੋਟ ਲਿਖੋ। (5)

ਜਾਂ

(ੳ) ਪਾਨੀਪਤ ਦੀ ਤੀਸਰੀ ਲੜਾਈ ਦੇ ਕਾਰਨ ਅਤੇ ਸਿੱਟੇ ਦੱਸੋ। (10)

(ਅ) ਮਹਾਰਾਣੀ ਜਿੰਦਾ ਬਾਰੇ ਸੰਖੇਪ ਨੋਟ ਲਿਖੋ। (5)